# ਦਫਤਰ ਨਗਰ ਨਿਗਮ ਫਗਵਾੜਾ
# OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

Regd

ਸੇਵਾ ਵਿਖੇ,

ਸੁਪਰਡੰਟ (ਮਸਸ)
ਡਾਇਰੈਕਟੋਰੇਟ,
ਸਥਾਨਕ ਸਰਕਾਰ ਵਿਭਾਗ,
ਪੰਜਾਬ, ਚੰਡੀਗੜ੍ਹ।

ਨੰਬਰ: 4140 ਮਿਤੀ: 15/12/22

ਵਿਸ਼ਾ: ਕਮਿਸ਼ਨਰ ਨਗਰ ਨਿਗਮ ਫਗਵਾੜਾ ਦੇ ਹੁਕਮ 61,62 ਮਿਤੀ 27.10.2022 ਸਬੰਧੀ।

ਹਵਾਲਾ: ਆਪ ਜੀ ਦੇ ਦਫਤਰ ਦੇ ਪੱਤਰ ਨੰ.ਸ5-ਡਸਸ-ਮਸਸ-2022/49788 ਮਿਤੀ:02.12.2022 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਮੰਗੀ ਗਈ ਸੂਚਨਾ ਪੱਤਰ ਵਿੱਚ ਦਰਸਾਏ ਗਏ ਪ੍ਰੋਫਾਰਮੇ ਵਿੱਚ ਭਰਕੇ ਨਾਲ ਨੱਥੀ ਕਰਕੇ ਆਪ ਜੀ ਨੂੰ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ।

ਕਮਿਸ਼ਨਰ
ਨਗਰ ਨਿਗਮ ਫਗਵਾੜਾ

o/c

Scanned with CamScanner

ਦਫਤਰ ਨਗਰ ਨਿਗਮ ਫਗਵਾੜਾ

# OFFICE OF THE MUNICIPAL CORPORATION PHAGWARA

TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 61 ਅਤੇ 27.10.2022 | ਰਿਪੋਰਟ ਵੱਲੋਂ ਸਹਾਇਕ ਨਗਰ ਯੋਜਨਾਕਾਰ ਕਿ ਮਾਣਯੋਗ ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਮਿਤੀ 11/08/2022 ਰਾਂਹੀ ਸ਼ਹਿਰ ਦੀ ਪੁਰਾਣੀ ਆਬਾਦੀ ਵਿੱਚ ਨਕਸ਼ਾ ਪ੍ਰਵਾਨ ਕਰਨ ਸਮੇਂ ਵਸੂਲੇ ਜਾਂਦੇ 50/- ਰੁ: ਪ੍ਰਤੀ ਵ:ਗਜ ਡਿਵੈਲਪਮੇਂਟ ਚਾਰਜਿਜ਼ ਦੀ ਫੀਸ ਵਿੱਚ ਵਾਧਾ ਕਰਨ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-<br>1. ਸਹਾਇਕ ਕਮਿਸ਼ਨਰ, ਨਗਰ ਨਿਗਮ ਫਗਵਾੜਾ।<br>2. ਨਿਗਰਾਨ ਇੰਜੀਨੀਅਰ, ਨਗਰ ਨਿਗਮ ਫਗਵਾੜਾ।<br>3. ਸਹਾਇਕ ਨਗਰ ਯੋਜਨਾਕਾਰ, ਨਗਰ ਨਿਗਮ ਫਗਵਾੜਾ।<br>4. ਡਿਪਟੀ ਕੰਟਰੋਲਰ (ਵਿੱਤ ਅਤੇ ਲੇਖਾ) ਨਗਰ ਨਿਗਮ ਫਗਵਾੜਾ।<br>ਉਕਤ ਗਠਿਤ ਕੀਤੀ ਗਈ ਕਮੇਟੀ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ। ਕੋਰ ਏਰੀਏ ਵਿੱਚ ਡਿਵੈਲਪਮੈਂਟ ਚਾਰਜਿਜ 50/- ਪ੍ਰਤੀ ਵ:ਗਜ ਦੇ ਹਿਸਾਬ ਨਾਲ ਕਾਫੀ ਲੰਬੇ ਸਮੇਂ ਤੋਂ ਵਸੂਲੇ ਜਾ ਰਹੇ ਹਨ ਅਤੇ ਇਨ੍ਹਾਂ ਸਬੰਧੀ ਪ੍ਰਾਪਤ ਕੀਤੇ ਹੁਕਮ ਵੀ ਦਫਤਰੀ ਰਿਕਾਰਡ ਵਿੱਚ ਮੌਜੂਦ ਨਹੀਂ ਹਨ। ਇਥੇ ਇਹ ਵੀ ਆਪ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਰਕਾਰ ਵੱਲੋਂ ਜਾਰੀ ਰੈਗੂਲਰਾਈਜੇਸ਼ਨ ਪਾਲਿਸੀ ਅਧੀਨ ਅਣ-ਅਧਿਕਾਰਤ ਕਲੋਨੀਆਂ ਅਤੇ ਉਨ੍ਹਾਂ ਪੈਂਦੇ ਅਣ-ਅਧਿਕਾਰਤ ਪਲਾਟਾਂ ਰੈਗੂਲਰਾਈਜੇਸ਼ਨ ਚਾਰਜਿਜ਼ ਇਸ ਸਮੇਂ 400/- ਰੁ: ਪ੍ਰਤੀ ਵ:ਗਜ ਦੇ ਹਿਸਾਬ ਨਾਲ ਵਸੂਲੇ ਜਾਂਦੇ ਹੈ ਅਤੇ ਇਸ ਰੈਗੂਲਰਾਈਜੇਸ਼ਨ ਫੀਸ ਵਿੱਚ ਪਾਲਿਸੀ ਅਨੁਸਾਰ ਹਰ ਨਵੇਂ ਵਿਤੀ ਸਾਲ ਵਿਚ 15% ਦਾ ਵਾਧਾ ਹੁੰਦਾ ਹੈ। ਪਰੰਤੂ ਕੋਰ ਏਰੀਆਜ਼ ਵਿੱਚ ਵਸੂਲੇ ਜਾਂਦੇ ਡਿਵੈਲਪਮੈਂਟ ਚਾਰਜਿਜ਼ ਵਿੱਚ ਅੱਜ ਤੱਕ ਕੋਈ ਵੀ ਵਾਧਾ ਨਹੀਂ ਹੋਇਆ ਹੈ।<br>ਇਸ ਲਈ ਨਿਗਮ ਦੇ ਹਿੱਤ ਨੂੰ ਮੁੱਖ ਰੱਖਦੇ ਹੋਏ ਕੋਰ ਏਰੀਆਜ ਦੇ ਡਿਵੈਲਪਮੈਂਟ ਚਾਰਜਿਜ 50/- ਪ੍ਰਤੀ ਵ:ਗਜ ਤੋਂ 100/- ਪ੍ਰਤੀ ਵ:ਗਜ ਕਰਨ ਦੀ ਤਜਵੀਜ ਕੀਤੀ ਜਾਂਦੀ ਹੈ। ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ। ਉਕਤ ਅਨੁਸਾਰ ਤਜਵੀਜ ਦੀ ਪ੍ਰਵਾਨਗੀ ਸਰਕਾਰ ਪੱਧਰ ਤੇ ਪ੍ਰਵਾਨ ਕਰਵਾਉਣ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ਪੁਆਇੰਟ - F | ਪ੍ਰਵਾਨ ਹੈ। |

Scanned with CamScanner

| | | | | |
|---|---|---|---|---|
| 2 | 62 ਅਤੇ 27.10.2022 | ਰਿਪੋਰਟ ਵੱਲੋਂ ਨਿਗਰਾਨ ਇੰਜੀਨੀਅਰ ਕਿ ਨਗਰ ਨਿਗਮ, ਫਗਵਾੜਾ ਵਿੱਚ ਗੱਡੀਆਂ ਦੀ ਬਹੁਤ ਘਾਟ ਹੈ। ਨਗਰ ਨਿਗਮ ਦੀਆਂ ਜੋ ਦੋ ਅੰਬੈਸਡਰ ਗੱਡੀਆਂ ਸਨ, ਉਹ ਕੰਡਮ ਹੋ ਚੁੱਕੀਆਂ ਹਨ। ਹਾਲ ਦੀ ਘੜੀ ਨਗਰ ਨਿਗਮ ਵਿੱਚ ਸਿਰਫ ਇੱਕ ਹੀ ਬੋਲੈਰੋ ਕਾਰ ਹੈ ਪਰ ਦਫਤਰ ਦੀਆਂ ਹੋਰ ਸ਼ਾਖਾਵਾਂ ਨੂੰ ਵੀ ਫੀਲਡ/ਮੀਟਿੰਗ ਵਿੱਚ ਜਾਣ ਲਈ ਕਾਰ ਦੀ ਜ਼ਰੂਰਤ ਪੈਂਦੀ ਰਹਿੰਦੀ ਹੈ। ਇੱਕ ਕਾਰ ਨਾਲ ਦਫਤਰ ਦਾ ਕੰਮ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਮੁਸ਼ਕਿਲ ਪੇਸ਼ ਆਉਂਦੀ ਹੈ। ਇਸ ਲਈ ਦਫਤਰੀ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇੱਕ ਹੋਰ ਨਵੀਂ ਬੋਲੈਰੋ ਕਾਰ ਖਰੀਦ ਕਰਨ ਦੀ ਜ਼ਰੂਰਤ ਹੈ। ਇਹ ਖਰੀਦ ਕਰਨ ਤੇ ਲਗਭਗ 9.50 ਲੱਖ ਰੁਪਏ ਦਾ ਖਰਚਾ ਆਉਣ ਦੀ ਸੰਭਾਵਨਾ ਹੈ। ਇਹ ਖਰੀਦ ਕਰਨ ਸਮੇਂ ਮਾਰਕਿਟ ਵਿੱਚ ਚੱਲ ਰਹੇ ਰੇਟ ਅਨੁਸਾਰ ਹੀ ਅਦਾਇਗੀ ਕੀਤੀ ਜਾਵੇਗੀ। ਇਸ ਲਈ ਉਕਤ ਅਨੁਸਾਰ ਬੋਲੈਰੋ ਕਾਰ ਦੀ ਖਰੀਦ ਕਰਨ ਲਈ ਨਗਰ ਨਿਗਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। | ਪੁਆਇੰਟ - H | ਪ੍ਰਵਾਨ ਹੈ। |

ਕਮਿਸ਼ਨਰ
ਨਗਰ ਨਿਗਮ ਫਗਵਾੜਾ

Scanned with CamScanner